ਦਲਜੀਤ ਸਿੰਘ ਦੀ ਭੈਣ ਨੇ ਸੁਖਬੀਰ ਬਾਦਲ ਨਾਲ ਕੀਤੀ ਮੁਲਾਕਾਤ

■ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਇਨਸਾਫ਼ ਦਿਵਾਉਣ ਲਈ ਕਾਨੂੰਨੀ ਸਹਾਇਤਾ ਦਾ ਦਿੱਤਾ ਭਰੋਸਾ



ਦਲਜੀਤ ਸਿੰਘ ਦੀ ਭੈਣ ਨਾਲ ਦੁੱਖ ਸਾਂਝਾ ਕਰਦੇ ਸੁਖਬੀਰ ਸਿੰਘ ਬਾਦਲ।

ਚੰਡੀਗੜ੍ਹ/ਮਾਨਸਾ, 31 ਅਕਤੂਬਰ (ਅੰਕੁਰ, ਮਿੱਤਲ)–ਪਿੰਡ ਭੰਮੇ ਕਲਾਂ ਦੇ ਨਸ਼ੇ ਕਾਰਨ ਜਾਨ ਗੁਆਉਣ ਵਾਲੇ ਨੌਜਵਾਨ ਦਲਜੀਤ ਸਿੰਘ ਦੀ ਭੈਣ ਤੇ ਪਰਿਵਾਰਕ ਮੈਂਬਰਾਂ ਨੇ ਸ਼ਨੀਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਚੰਡੀਗੜ੍ਹ 'ਚ ਮੁਲਾਕਾਤ ਕਰ ਕੇ ਆਪਣਾ ਦੁੱਖ ਦੱਸਿਆ। ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ ਕਿ ਪੀੜਤ ਪਰਿਵਾਰ ਜਿਸ ਦਰਦ ਅਤੇ ਮੁਸ਼ਕਿਲ ਦੌਰ 'ਚੋਂ ਲੰਘ ਰਿਹਾ ਹੈ, ਉਸ ਨੂੰ ਸ਼ਬਦਾਂ 'ਚ ਬਿਆਨ ਕਰਨਾ ਔਖਾ ਹੈ।

ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਤੇ ਪੁਲਸ ਦੀ ਗ਼ੈਰ-ਸੰਵੇਦਨਸ਼ੀਲਤਾ ਕਾਰਨ ਪਰਿਵਾਰ ਨੂੰ ਇਨਸਾਫ਼ ਮਿਲਣ 'ਚ ਮੁਸ਼ਕਿਲਾਂ ਆ ਰਹੀਆਂ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪੁਲਸ ਤੇ ਪ੍ਰਸ਼ਾਸਨ ਪਰਿਵਾਰ 'ਤੇ ਸਮਝੌਤਾ ਕਰਨ ਲਈ ਦਬਾਅ ਪਾ ਰਹੇ ਹਨ। ਸੁਖਬੀਰ ਨੇ ਪਰਿਵਾਰ ਨੂੰ ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਨਸਾਫ਼ ਮਿਲਣ ਤੱਕ ਇਸ ਮਾਮਲੇ ਦੀ ਪੈਰਵੀ ਕਰਦਾ ਰਹੇਗਾ। ਉਨ੍ਹਾਂ ਨਸ਼ਾ ਤਸਕਰੀ ਨਾਲ ਜੁੜੇ ਲੋਕਾਂ ਅਤੇ ਉਨ੍ਹਾਂ ਨੂੰ ਕਥਿਤ ਸਿਆਸੀ ਸਰਪ੍ਰਸਤੀ ਦੇਣ ਵਾਲਿਆਂ ਦਾ ਪਰਦਾਫਾਸ਼ ਕਰਨ ਦੀ ਮੰਗ ਵੀ ਕੀਤੀ।

ਸਰਹੱਦੀ ਪਿੰਡ 'ਚੋਂ 2 ਪਿਸਤੌਲ ਤੇ ਨਸ਼ੀਲਾ ਪਦਾਰਥ ਬਰਾਮਦ

ਝਬਾਲ/ਸਰਾਏ ਅਮਾਨਤ ਖਾਂ, 31 ਅਕਤੂਬਰ (ਨਰਿੰਦਰ)– ਅੱਜ ਸਵੇਰੇ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੂੰ ਸਰਹੱਦੀ ਪਿੰਡ ਗਹਿਰੀ ਦੇ ਬਾਹਰ ਖੇਤਾਂ ਵਿਚੋਂ 2 ਪਿਸਤੌਲ ਅਤੇ ਨਸ਼ੇ ਵਾਲੇ ਪਦਾਰਥ ਦਾ ਬੰਦ ਲਿਫਾਫਾ ਮਿਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਸੁਖਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਜਾਣਕਾਰੀ ਮਿਲੀ ਸੀ ਕਿ ਪਿੰਡ ਗਹਿਰੀ ਦੇ ਖੇਤਾਂ ਵਿਚ 2 ਪਿਸਤੌਲਾਂ ਪਈਆਂ ਹਨ ਅਤੇ ਨਾਲ ਹੀ ਇਕ ਬੰਦ ਲਿਫ਼ਾਫ਼ਾ ਹੈ। ਇਸ ਤੋਂ ਬਾਅਦ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਪਿਸਤੌਲਾਂ ਅਤੇ ਨਸ਼ੇ ਵਾਲੇ ਪਦਾਰਥ ਦਾ ਬੰਦ ਲਿਫ਼ਾਫ਼ਾ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿਤੀ ਹੈ।

ਪੰਜਾਬ ਪੁਲਸ ਵੱਲੋਂ 475 ਥਾਵਾਂ 'ਤੇ ਛਾਪੇਮਾਰੀ, 152 ਗ੍ਰਿਫ਼ਤਾਰ

ਚੰਡੀਗੜ੍ਹ/ਜਲੰਧਰ, 31 ਅਕਤੂਬਰ (ਅੰਕੁਰ, ਧਵਨ)–ਪੰਜਾਬ ਪੁਲਸ ਨੇ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 284ਵੇਂ ਦਿਨ ਸੂਬੇ ਭਰ 'ਚ ਗੈਂਗਸਟਰਾਂ ਦੇ ਸਾਥੀਆਂ ਦੇ 475 ਟਿਕਾਣਿਆਂ 'ਤੇ ਛਾਪੇਮਾਰੀ ਕਰਕੇ ਪੰਜ ਹਥਿਆਰਾਂ ਸਮੇਤ 152 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ।

ਇਸ ਮੁਹਿੰਮ ਤਹਿਤ ਹੁਣ ਤੱਕ ਕੁੱਲ 81,837 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ 158 ਵਿਅਕਤੀਆਂ ਵਿਰੁੱਧ ਅਹਿਤਿਆਤੀ ਕਾਰਵਾਈ ਕੀਤੀ ਗਈ ਅਤੇ ਤਿੰਨ ਭਗੌੜੇ ਅਪਰਾਧੀ ਵੀ ਕਾਬੂ ਕੀਤੇ ਗਏ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 609ਵੇਂ ਦਿਨ ਪੁਲਸ ਨੇ 139 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 10 ਕਿੱਲੋ ਹੈਰੋਇਨ, ਇਕ ਕਿੱਲੋ ਅਫ਼ੀਮ, 680 ਨਸ਼ੀਲੀਆਂ ਗੋਲੀਆਂ ਤੇ 13,400 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਮੁਹਿੰਮ ਤਹਿਤ ਹੁਣ ਤੱਕ 89,774 ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਪੁਲਸ ਨੇ 39 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ-ਵਸੇਬੇ ਦਾ ਇਲਾਜ ਕਰਵਾਉਣ ਲਈ ਵੀ ਪ੍ਰੇਰਿਤ ਕੀਤਾ।

ਪੰਜਾਬ ਮੰਤਰੀ ਮੰਡਲ ਦੇ ਅਹਿਮ ਫੈਸਲੇ

ਬੀ. ਬੀ. ਐੱਮ. ਬੀ. ਲਈ 2,452 ਅਸਾਮੀਆਂ ਦੇ ਵੱਖਰੇ ਕਾਡਰ ਦੇ ਸੇਵਾ ਨਿਯਮਾਂ ਨੂੰ ਪ੍ਰਵਾਨਗੀ

ਚੰਡੀਗੜ੍ਹ/ਜਲੰਧਰ, 31 ਅਕਤੂਬਰ (ਅੰਕੁਰ, ਧਵਨ)–ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਭਾਖੜਾ-ਬਿਆਸ ਪ੍ਰਬੰਧਕੀ ਬੋਰਡ (ਬੀ. ਬੀ. ਐੱਮ. ਬੀ.) 'ਚ 2,452 ਅਸਾਮੀਆਂ ਵਾਲੇ ਵੱਖਰੇ ਕਾਡਰ ਲਈ ਵਿਭਾਗੀ ਸੇਵਾ ਨਿਯਮਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਇਨ੍ਹਾਂ ਅਸਾਮੀਆਂ 'ਤੇ ਸਿੱਧੀ ਭਰਤੀ ਦਾ ਰਾਹ ਖੁੱਲ੍ਹੇਗਾ ਤੇ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮਿਲਣਗੇ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਅਨੁਸਾਰ ਪੰਜਾਬ ਬੀ. ਬੀ. ਐੱਮ. ਬੀ. ਦੇ ਖ਼ਰਚਿਆਂ 'ਚ 40 ਫ਼ੀਸਦੀ ਵਿੱਤੀ ਯੋਗਦਾਨ ਪਾਉਂਦਾ ਹੈ ਪਰ ਇਸ ਦੇ ਬਾਵਜੂਦ ਬੋਰਡ 'ਚ ਸੂਬੇ ਦੀਆਂ ਕਈ ਅਸਾਮੀਆਂ ਖ਼ਾਲੀ ਰਹਿ ਜਾਂਦੀਆਂ ਹਨ ਅਤੇ ਉਨ੍ਹਾਂ 'ਤੇ ਦੂਜੇ ਸੂਬਿਆਂ ਦੇ ਮੁਲਾਜ਼ਮ ਤਾਇਨਾਤ ਹੋ ਜਾਂਦੇ ਹਨ, ਇਸ ਲਈ ਪੰਜਾਬ ਦੀ ਢੁਕਵੀਂ ਨੁਮਾਇੰਦਗੀ ਯਕੀਨੀ ਬਣਾਉਣ ਵਾਸਤੇ ਵੱਖਰਾ ਕਾਡਰ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਸੀ।

ਪਟਵਾਰੀਆਂ ਤੇ ਕਾਨੂੰਨਗੋਆਂ ਦਾ ਜ਼ਿਲਾ ਪੱਧਰੀ ਕਾਡਰ ਹੋਵੇਗਾ ਬਹਾਲ

ਮੰਤਰੀ ਮੰਡਲ ਨੇ ਪਟਵਾਰੀਆਂ ਅਤੇ ਕਾਨੂੰਨਗੋਆਂ ਦਾ ਜ਼ਿਲਾ ਪੱਧਰੀ ਕਾਡਰ ਬਹਾਲ ਕਰਨ, ਲਹਿਰਾਗਾਗਾ ਵਿਖੇ ਨਵੀਂ ਅਨਾਜ ਮੰਡੀ ਸਥਾਪਿਤ ਕਰਨ, ਤਿੰਨ ਲੇਬਰ ਕੋਡ ਨਿਯਮਾਂ ਅਤੇ ਮੋਹਾਲੀ 'ਚ ਕੰਪਰੈੱਸਡ ਬਾਇਓਗੈਸ (ਸੀ. ਬੀ. ਜੀ.) ਪ੍ਰਾਜੈਕਟ ਨੂੰ ਵੀ ਮਨਜ਼ੂਰੀ ਦੇ ਦਿੱਤੀ। ਮੰਤਰੀ ਮੰਡਲ ਨੇ ਪੰਜਾਬ ਮਾਲ ਪਟਵਾਰੀ ਤੇ ਮਾਲ ਕਾਨੂੰਨਗੋ ਸੇਵਾ ਨਿਯਮਾਂ 'ਚ ਸੋਧਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਕ ਹੋਰ ਫ਼ੈਸਲੇ ਤਹਿਤ ਜ਼ਿਲਾ ਸੰਗਰੂਰ ਦੀ ਤਹਿਸੀਲ ਲਹਿਰਾਗਾਗਾ ਦੇ ਪਿੰਡ ਖੰਡੇਬਾਦ ਵਿਖੇ 217 ਕਨਾਲ 14 ਮਰਲੇ ਸਰਕਾਰੀ ਜ਼ਮੀਨ ਪੰਜਾਬ ਮੰਡੀ ਬੋਰਡ ਨੂੰ ਨਵੀਂ ਅਨਾਜ ਮੰਡੀ ਬਣਾਉਣ ਲਈ ਤਬਦੀਲ ਕਰਨ ਦੀ ਮਨਜ਼ੂਰੀ ਦਿੱਤੀ ਗਈ।

ਮੰਤਰੀ ਮੰਡਲ ਨੇ ਮਜ਼ਦੂਰਾਂ ਦੇ ਅਧਿਕਾਰਾਂ ਤੇ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕੋਡ ਆਨ ਵੇਜਜ਼, 2019; ਆਕੂਪੇਸ਼ਨਲ ਸੇਫਟੀ, ਹੈਲਥ ਐਂਡ ਵਰਕਿੰਗ ਕੰਡੀਸ਼ਨਜ਼ ਕੋਡ, 2020 ਅਤੇ ਕੋਡ ਆਨ ਸੋਸ਼ਲ ਸਕਿਓਰਿਟੀ, 2020 ਤਹਿਤ ਪੰਜਾਬ ਦੇ ਤਿੰਨ ਨਿਯਮਾਂ ਨੂੰ ਵੀ ਪ੍ਰਵਾਨਗੀ ਦਿੱਤੀ। ਇਸ ਤੋਂ ਇਲਾਵਾ ਮੋਹਾਲੀ ਕਲੱਸਟਰ ਲਈ ਗਿੱਲੇ ਕੂੜੇ 'ਤੇ ਆਧਾਰਤ ਸੀ. ਬੀ. ਜੀ. ਪ੍ਰਾਜੈਕਟ ਐੱਚ. ਪੀ. ਸੀ. ਐੱਲ. ਰੀਨਿਊਏਬਲ ਐਂਡ ਗ੍ਰੀਨ ਐਨਰਜੀ ਲਿਮਟਿਡ ਨੂੰ ਦੇਣ ਦੀ ਮਨਜ਼ੂਰੀ ਦਿੱਤੀ ਗਈ।

ਧੀ ਦੇ ਕਤਲ ਤੋਂ ਬਾਅਦ ਫ਼ਰਾਰ ਪਿਓ ਨੇ ਕੀਤੀ ਖ਼ੁਦਕੁਸ਼ੀ



ਅਮਰਜੀਤ ਸਿੰਘ ਦੀ ਫ਼ਾਈਲ ਫ਼ੋਟੋ। (ਆਨੰਦ)

ਹਰਿਆਣਾ/ਭੂੰਗਾ, 31 ਅਕਤੂਬਰ (ਆਨੰਦ, ਭਟੋਆ)– ਬੀਤੇ ਦਿਨੀਂ ਪਿੰਡ ਧੂਤ ਕਲਾਂ ਵਿਖੇ ਆਪਣੀ ਨਾਬਾਲਗ ਧੀ ਦਾ ਕਤਲ ਕਰਨ ਤੋਂ ਬਾਅਦ ਫ਼ਰਾਰ ਪਿਓ ਵੱਲੋਂ ਵੀ ਖ਼ੁਦਕੁਸ਼ੀ ਕਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ।

ਜ਼ਿਕਰਯੋਗ ਹੈ ਕਿ ਥਾਣਾ ਹਰਿਆਣਾ ਅਧੀਨ ਆਉਂਦੇ ਪਿੰਡ ਧੂਤ ਕਲਾਂ ਵਿਖੇ ਅਮਰਜੀਤ ਸਿੰਘ (42) ਵੱਲੋਂ ਆਪਣੀ ਹੀ ਸੁੱਤੀ ਪਈ ਧੀ ਇੰਦਰਪ੍ਰੀਤ ਕੌਰ, ਜੋ ਕਿ 12ਵੀਂ ਜਮਾਤ ਦੀ ਵਿਦਿਆਰਥਣ ਸੀ, ਦਾ ਕਤਲ ਕਰ ਦਿੱਤਾ ਗਿਆ ਸੀ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਉਹ ਮੌਕੇ ਤੋਂ ਫ਼ਰਾਰ ਹੋ ਗਿਆ ਸੀ, ਜਿਸ ਦੀ ਪੁਲਸ ਵੱਲੋਂ ਭਾਲ ਕੀਤੀ ਜਾ ਰਹੀ ਸੀ। ਮ੍ਰਿਤਕ ਲੜਕੀ ਦਾ ਅੱਜ ਉਸ ਦੇ ਨਾਨਕੇ ਪਰਿਵਾਰ ਵੱਲੋਂ ਪਿੰਡ ਪਲਾਹੀ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਪੁਲਸ ਚੌਕੀ ਭੂੰਗਾ ਦੇ ਇੰਚਾਰਜ ਐੱਸ. ਆਈ. ਅਜਮੇਰ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਹੁਸ਼ਿਆਰਪੁਰ ਦੀ ਪੁਲਸ ਨੂੰ ਦੁਸਹਿਰਾ ਗਰਾਊਂਡ 'ਚੋਂ ਇਕ ਵਿਅਕਤੀ ਦੀ ਲਾਸ਼ ਬਰਾਮਦ ਹੋਈ। ਪਿੰਡ ਧੂਤ ਕਲਾਂ ਦੇ ਸਰਪੰਚ ਅਤੇ ਮ੍ਰਿਤਕ ਦੇ ਜੀਜੇ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਦੀ ਪਛਾਣ ਅਮਰਜੀਤ ਸਿੰਘ ਵਜੋਂ ਕੀਤੀ। ਥਾਣਾ ਸਦਰ ਹੁਸ਼ਿਆਰਪੁਰ ਦੀ ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਅਗਲੇਰੀ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

84 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਯਾਦ 'ਚ ਭਾਜਪਾ ਘੱਟ ਗਿਣਤੀ ਮੋਰਚੇ ਨੇ ਕੱਢਿਆ ਰੋਸ ਮਾਰਚ

■ ਪੀੜਤ ਪਰਿਵਾਰਾਂ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੇ ਦਰਦ ਦਾ ਸਤਿਕਾਰ ਕਰੇ ਕਾਂਗਰਸ : ਡਾ. ਅਵਨੀਤ ਸਿੰਘ ਵੜੈਚ



ਮਾਰਚ 'ਚ ਸ਼ਾਮਲ ਭਾਜਪਾ ਘੱਟ ਗਿਣਤੀ ਮੋਰਚੇ ਦੇ ਸੂਬਾ ਪ੍ਰਧਾਨ ਡਾ. ਅਵਨੀਤ ਸਿੰਘ ਵੜੈਚ, ਪਾਰਟੀ ਅਹੁਦੇਦਾਰ ਅਤੇ ਵਰਕਰ।

ਸਿਰਸਾ, 31 ਅਕਤੂਬਰ (ਸ. ਹ.)–ਸਾਲ 1984 ਦੇ ਸਿੱਖ ਕਤਲੇਆਮ 'ਚ ਆਪਣੀਆਂ ਜਾਨਾਂ ਗੁਆਉਣ ਵਾਲੇ ਬੇਕਸੂਰ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਕਾਂਗਰਸ ਪ੍ਰਤੀ ਰੋਸ ਪ੍ਰਗਟਾਉਣ ਲਈ ਭਾਰਤੀ ਜਨਤਾ ਪਾਰਟੀ ਦੇ ਘੱਟ ਗਿਣਤੀ ਮੋਰਚਾ ਹਰਿਆਣਾ ਵੱਲੋਂ ਸ਼ਨੀਵਾਰ ਨੂੰ ਰੋਸ ਮਾਰਚ ਅਤੇ ਕੈਂਡਲ ਮਾਰਚ ਕੱਢਿਆ ਗਿਆ। ਇਸ ਦੀ ਅਗਵਾਈ ਭਾਜਪਾ ਘੱਟ ਗਿਣਤੀ ਮੋਰਚੇ ਦੇ ਸੂਬਾ ਪ੍ਰਧਾਨ ਡਾ. ਅਵਨੀਤ ਸਿੰਘ ਵੜੈਚ ਨੇ ਕੀਤੀ, ਜਦਕਿ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਦੇਸੂਜੋਧਾ ਨੇ ਪ੍ਰੋਗਰਾਮ ਦਾ ਸੰਚਾਲਨ ਕੀਤਾ।

ਕੈਂਡਲ ਮਾਰਚ ਤਿਰਲੋਕੇਵਾਲਾ ਕੈਂਚੀਆਂ ਤੋਂ ਸ਼ੁਰੂ ਹੋ ਕੇ ਕਾਲਾਂਵਾਲੀ ਤੱਕ ਕੱਢਿਆ ਗਿਆ। ਇਸ ਵਿਚ ਵੱਡੀ ਗਿਣਤੀ 'ਚ ਪਾਰਟੀ ਵਰਕਰਾਂ ਨੇ ਹਿੱਸਾ ਲਿਆ। ਕਾਲਾਂਵਾਲੀ ਪਹੁੰਚਣ ਉਪਰੰਤ 1984 ਦੇ ਸਿੱਖ ਕਤਲੇਆਮ 'ਚ ਮਾਰੇ ਗਏ ਬੇਕਸੂਰ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਹਾਜ਼ਰ ਲੋਕਾਂ ਨੇ ਵਿਛੜੀਆਂ ਰੂਹਾਂ ਨੂੰ ਯਾਦ ਕਰਦਿਆਂ ਪੀੜਤ ਪਰਿਵਾਰਾਂ ਪ੍ਰਤੀ ਡੂੰਘੀ ਹਮਦਰਦੀ ਪ੍ਰਗਟਾਈ। ਭਾਜਪਾ ਘੱਟ ਗਿਣਤੀ ਮੋਰਚੇ ਦੇ ਸੂਬਾ ਪ੍ਰਧਾਨ ਡਾ. ਅਵਨੀਤ ਸਿੰਘ ਵੜੈਚ ਨੇ ਕਿਹਾ ਕਿ 1984 ਦਾ ਸਿੱਖ ਕਤਲੇਆਮ ਦੇਸ਼ ਦੇ ਇਤਿਹਾਸ ਦੀਆਂ ਸਭ ਤੋਂ ਦਰਦਨਾਕ ਅਤੇ ਦੁੱਖਦਾਈ ਘਟਨਾਵਾਂ 'ਚੋਂ ਇਕ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਦੁਖਾਂਤ ਦੇ ਜ਼ਖ਼ਮ ਅੱਜ ਵੀ ਪੀੜਤ ਪਰਿਵਾਰਾਂ ਦੇ ਦਿਲਾਂ 'ਚ ਤਾਜ਼ਾ ਹਨ। ਅਜਿਹੇ 'ਚ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਹਰੇਕ ਸਿਆਸੀ ਪਾਰਟੀ ਅਤੇ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਡਾ. ਵੜੈਚ ਨੇ 1 ਨਵੰਬਰ ਨੂੰ ਕਾਂਗਰਸ ਵੱਲੋਂ ਸਿਆਸੀ ਪ੍ਰੋਗਰਾਮ ਕਰਵਾਏ ਜਾਣ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਇਸ ਦਿਨ ਦੀ ਸੰਵੇਦਨਸ਼ੀਲਤਾ ਅਤੇ ਪੀੜਤ ਪਰਿਵਾਰਾਂ ਦੇ ਦਰਦ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਕਾਂਗਰਸ ਤੋਂ ਮੰਗ ਕੀਤੀ ਕਿ ਉਹ ਪੀੜਤ ਪਰਿਵਾਰਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਦਾ ਸਬੂਤ ਦੇਵੇ।

ਇਸ ਮੌਕੇ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਦੇਸੂਜੋਧਾ, ਜ਼ਿਲਾ ਘੱਟ ਗਿਣਤੀ ਮੋਰਚਾ ਪ੍ਰਧਾਨ ਅੰਗਰੇਜ਼ ਸਿੰਘ ਔਲਖ, ਸਰਬਜੀਤ ਸਿੰਘ, ਜੋਤੀ ਸਰਾਂ, ਸੁਭਾਸ਼ ਸਿੰਘ ਠਾਕੁਰ, ਬਲਰਾਜ ਸਰਪੰਚ ਤਿਰਲੋਕੇਵਾਲਾ, ਨਰਿੰਦਰ ਢਿੱਲੋਂ, ਕਰਮਜੀਤ ਸਿੰਘ ਗਿੱਲ, ਮੰਡਲ ਪ੍ਰਧਾਨ ਹਰਪਲਾਸ ਸਿੰਘ ਹੈਪੀ, ਕਾਲਾਂਵਾਲੀ ਮੰਡਲ ਪ੍ਰਧਾਨ ਲਵਲੀ ਗਰਗ, ਬੜਾਗੁੜਾ ਦੇ ਸਰਪੰਚ ਜਗਦੀਸ਼, ਦੇਸੂ ਦੇ ਸਰਪੰਚ ਕੁਲਵੰਤ ਸਿੰਘ, ਜਸਕਰਨ ਰੋੜੀ, ਸਿਕੰਦਰ, ਟਿਸ਼ੂ ਪ੍ਰਧਾਨ, ਰੁਲਦੂ ਨੰਬਰਦਾਰ, ਜਿੰਦਰ ਸਿੰਘ, ਗੁਰਨਾਮ ਸਿੰਘ, ਗੁਰਮੀਤ, ਗੁਰਮੇਲ ਅਤੇ ਚੌਤਰਾਮ ਸਮੇਤ ਵੱਡੀ ਗਿਣਤੀ 'ਚ ਪਾਰਟੀ ਵਰਕਰ ਅਤੇ ਆਮ ਲੋਕ ਮੌਜੂਦ ਸਨ।

ਬੀ. ਐੱਸ. ਐੱਫ. ਨੇ ਫੜਿਆ ਪਾਕਿਸਤਾਨ ਤੋਂ ਆਇਆ ਡਰੋਨ



ਬਰਾਮਦ ਡਰੋਨ ਨਾਲ ਪੁਲਸ ਪਾਰਟੀ। (ਨਰਿੰਦਰ)

ਸਰਾਏ ਅਮਾਨਤ ਖਾਂ/ਝਬਾਲ,31 ਅਕਤੂਬਰ (ਨਰਿੰਦਰ)–ਹਿੰਦ-ਪਾਕਿ ਸਰਹੱਦ ਨੌਸ਼ਹਿਰਾ ਢਾਲਾ ਬਾਰਡਰ 'ਤੇ ਅੱਜ ਸਵੇਰੇ ਬੀ. ਐੱਸ. ਐੱਫ. ਨੇ ਗਸ਼ਤ ਦੌਰਾਨ ਪਾਕਿਸਤਾਨ ਵੱਲੋਂ ਭੇਜਿਆ ਡਰੋਨ ਫੜਨ 'ਚ ਕਾਮਯਾਬੀ ਹਾਸਲ ਕੀਤੀ ਹੈ।

ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਨੌਸ਼ਹਿਰਾ ਢਾਲਾ ਬਾਰਡਰ 'ਤੇ ਬੀ. ਐੱਸ. ਐੱਫ. ਦੀ 115 ਬਟਾਲੀਅਨ ਦੇ ਜਵਾਨਾਂ ਨੂੰ ਗਸ਼ਤ ਦੌਰਾਨ ਖੇਤਾਂ 'ਚੋਂ ਇਕ ਡਰੋਨ ਮਿਲਿਆ ਹੈ। ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੇ ਇਸ ਸਬੰਧੀ ਕੇਸ ਦਰਜ ਕਰ ਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿਤੀ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਸ਼ਿਵ ਸੈਨਾ ਹਿੰਦੁਸਤਾਨ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਅੱਜ

■ ਮੀਟਿੰਗ 'ਚ ਪੰਜਾਬ ਨਾਲ ਸਬੰਧਤ ਪਾਰਟੀ ਦੇ ਸਮੂਹ ਸੀਨੀਅਰ ਆਗੂ ਕਰਨਗੇ ਸ਼ਮੂਲੀਅਤ : ਪਵਨ ਗੁਪਤਾ



ਗੱਲਬਾਤ ਦੌਰਾਨ ਪਵਨ ਗੁਪਤਾ।

ਪਟਿਆਲਾ/ਖੰਨਾ, 31 ਅਕਤੂਬਰ (ਰਾਜੇਸ਼ ਪੰਜੌਲਾ, ਕਮਲ)–ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਕੌਮੀ ਪ੍ਰਧਾਨ ਪਵਨ ਗੁਪਤਾ ਨੇ ਮੋਹਾਲੀ ਵਿਖੇ ਇਕ ਵਿਸ਼ੇਸ਼ ਨਿੱਜੀ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਹਾਲ ਹੀ ਵਿਚ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦਾ ਦੌਰਾ ਕਰ ਕੇ ਪਰਤੇ ਹਨ। ਇਸ ਦੌਰਾਨ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਬੈਨਰ ਹੇਠ ਉੱਤਰ ਪ੍ਰਦੇਸ਼ ਦੇ ਸੀਨੀਅਰ ਆਗੂਆਂ ਦੀ ਇਕ ਅਹਿਮ ਮੀਟਿੰਗ ਵੀ ਹੋਈ, ਜਿਸ ਵਿਚ ਆਉਣ ਵਾਲੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਵੱਲੋਂ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰਨ ਦਾ ਫੈਸਲਾ ਕੀਤਾ ਗਿਆ ਹੈ।

ਪਵਨ ਗੁਪਤਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸੂਬੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਸ਼ਿਵ ਸੈਨਾ ਹਿੰਦੁਸਤਾਨ ਦੀ ਸਿਆਸੀ ਜਥੇਬੰਦੀ ਹਿੰਦੁਸਤਾਨ ਸ਼ਕਤੀ ਸੈਨਾ ਵੀ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਹਿੱਸਾ ਲੈਣ ਬਾਰੇ ਵਿਚਾਰ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਚਾਰ-ਵਟਾਂਦਰਾ ਕਰਨ ਅਤੇ ਪਾਰਟੀ ਦੀ ਅਗਲੀ ਰਣਨੀਤੀ ਤੈਅ ਕਰਨ ਲਈ ਸ਼ਿਵ ਸੈਨਾ ਹਿੰਦੁਸਤਾਨ ਦੀ ਪੰਜਾਬ ਇਕਾਈ ਦੇ ਸੀਨੀਅਰ ਆਗੂਆਂ ਦੀ ਇਕ ਅਹਿਮ ਮੀਟਿੰਗ 1 ਨਵੰਬਰ ਨੂੰ ਦੁਪਹਿਰ 12 ਵਜੇ ਪਾਰਟੀ ਦੇ ਕੌਮੀ ਮੁੱਖ ਦਫ਼ਤਰ ਪਟਿਆਲਾ ਵਿਖੇ ਸੱਦੀ ਗਈ ਹੈ। ਇਸ ਮੀਟਿੰਗ ਵਿਚ ਪੰਜਾਬ ਨਾਲ ਸਬੰਧਤ ਪਾਰਟੀ ਦੇ ਸਮੂਹ ਸੀਨੀਅਰ ਆਗੂ ਸ਼ਮੂਲੀਅਤ ਕਰਨਗੇ। ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਸਾਰੇ ਆਗੂਆਂ ਦੇ ਵਿਚਾਰ ਸੁਣਨ ਤੋਂ ਬਾਅਦ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਸ਼ਮੂਲੀਅਤ ਸਬੰਧੀ ਅੰਤਿਮ ਫੈਸਲਾ ਲਿਆ ਜਾਵੇਗਾ।

ਕਪੂਰਥਲਾ ਜ਼ਿਲੇ ਦਾ ਜੰਮਪਲ ਰਵੀਪਾਲ ਸਿੰਘ ਬੈਂਸ ਕੈਨੇਡਾ ਦੇ ਚੋਟੀ ਦੇ 40 ਨੌਜਵਾਨ ਆਗੂਆਂ 'ਚ ਸ਼ਾਮਲ



ਕਪੂਰਥਲਾ, 31 ਅਕਤੂਬਰ (ਸ. ਹ.)–ਜ਼ਿਲਾ ਕਪੂਰਥਲਾ ਦੇ ਪਿੰਡ ਸਿੱਧਪੁਰ ਦੇ ਜੰਮਪਲ ਰਵੀਪਾਲ ਸਿੰਘ ਬੈਂਸ ਨੂੰ ਸਾਲ 2026 ਲਈ ਕੈਨੇਡਾ ਦੇ ਵੱਕਾਰੀ ਸਨਮਾਨ 'ਕੈਨੇਡਾਜ਼ ਟਾਪ 40 ਅੰਡਰ 40' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਕੈਨੇਡਾ ਵਿਚ 40 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ 40 ਉੱਘੇ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਪੇਸ਼ੇਵਰ ਖੇਤਰਾਂ 'ਚ ਵਿਸ਼ੇਸ਼ ਪ੍ਰਾਪਤੀਆਂ ਕਰਨ ਦੇ ਨਾਲ-ਨਾਲ ਅਗਵਾਈ ਅਤੇ ਸਮਾਜ ਸੇਵਾ ਦੇ ਖੇਤਰ 'ਚ ਵੀ ਅਹਿਮ ਯੋਗਦਾਨ ਪਾਇਆ ਹੋਵੇ। ਸਾਲ 1995 ਵਿਚ ਸ਼ੁਰੂ ਕੀਤਾ ਗਿਆ ਇਹ ਸਨਮਾਨ ਕੈਨੇਡਾ ਦੇ ਸਭ ਤੋਂ ਵੱਕਾਰੀ ਅਤੇ ਮੁਕਾਬਲੇ ਵਾਲੇ ਰਾਸ਼ਟਰੀ ਸਨਮਾਨਾਂ 'ਚੋਂ ਇਕ ਮੰਨਿਆ ਜਾਂਦਾ ਹੈ। ਸਾਲ 2026 ਲਈ ਸਨਮਾਨਿਤ ਵਿਅਕਤੀਆਂ ਦੀ ਚੋਣ ਇਕ ਸਖ਼ਤ ਪ੍ਰਕਿਰਿਆ ਰਾਹੀਂ ਕੀਤੀ ਗਈ। ਰਵੀਪਾਲ ਸਿੰਘ ਬੈਂਸ, ਪਿੰਡ ਸਿੱਧਪੁਰ ਦੇ ਸਾਬਕਾ ਸਰਪੰਚ ਸ. ਅਜਮੇਰ ਸਿੰਘ ਬੈਂਸ ਅਤੇ ਕੁਲਵੰਤ ਕੌਰ ਬੈਂਸ ਦੇ ਸਪੁੱਤਰ ਹਨ। ਇਕ ਕਿਸਾਨ ਪਰਿਵਾਰ ਵਿਚ ਜਨਮੇ ਅਤੇ ਪਲੇ-ਵਧੇ ਰਵੀਪਾਲ ਬੈਂਸ ਨੇ ਆਪਣੀ ਉੱਚ ਸਿੱਖਿਆ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ।

ਇਸ ਤੋਂ ਬਾਅਦ ਉਹ ਕੈਨੇਡਾ ਚਲੇ ਗਏ, ਜਿੱਥੇ ਉਨ੍ਹਾਂ ਨੇ ਓਟਾਵਾ ਯੂਨੀਵਰਸਿਟੀ ਤੋਂ ਕਾਨੂੰਨ ਦੀ ਹੋਰ ਪੜ੍ਹਾਈ ਕੀਤੀ ਅਤੇ ਕਾਰਪੋਰੇਟ ਕਾਨੂੰਨ ਅਤੇ ਅੰਤਰਰਾਸ਼ਟਰੀ ਵਿੱਤ ਦੇ ਖੇਤਰ 'ਚ ਆਪਣੀ ਵਿਲੱਖਣ ਪਛਾਣ ਬਣਾਈ।

ਰਵੀਪਾਲ ਬੈਂਸ ਇਸ ਸਮੇਂ ਕੈਨੇਡਾ ਦੀਆਂ ਸਭ ਤੋਂ ਵੱਡੀਆਂ ਸੰਸਥਾਗਤ ਨਿਵੇਸ਼ ਸੰਸਥਾਵਾਂ 'ਚੋਂ ਇਕ ਵਿਚ ਉੱਚ ਅਧਿਕਾਰੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਇਸ ਤੋਂ ਪਹਿਲਾਂ ਉਹ ਕੈਨੇਡਾ ਦੀ ਇਕ ਪ੍ਰਮੁੱਖ ਕਾਨੂੰਨੀ ਫਰਮ ਵਿਚ ਪਾਰਟਨਰ ਰਹਿ ਚੁੱਕੇ ਹਨ। ਆਪਣੇ ਪੇਸ਼ੇਵਰ ਜੀਵਨ ਦੌਰਾਨ ਉਨ੍ਹਾਂ ਨੇ ਕੈਨੇਡਾ ਅਤੇ ਅੰਤਰਰਾਸ਼ਟਰੀ ਪੱਧਰ ਦੇ ਕਈ ਵੱਡੇ ਵਿੱਤੀ ਅਤੇ ਕਾਰੋਬਾਰੀ ਸੌਦਿਆਂ ਵਿਚ ਕਾਨੂੰਨੀ ਸਲਾਹਕਾਰ ਵਜੋਂ ਅਹਿਮ ਭੂਮਿਕਾ ਨਿਭਾਈ ਹੈ। ਇਹ ਕਾਮਯਾਬੀ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰ ਅਤੇ ਜੱਦੀ ਪਿੰਡ ਸਿੱਧਪੁਰ ਲਈ, ਸਗੋਂ ਸਮੁੱਚੇ ਪੰਜਾਬ ਲਈ ਵੀ ਮਾਣ ਵਾਲੀ ਗੱਲ ਹੈ।

ਨਾਬਾਲਗ ਦੀ ਹੱਤਿਆ ਤੇ ਜਬਰ-ਜ਼ਨਾਹ ਦੇ ਮਾਮਲੇ 'ਚ ਇਕ ਨੂੰ ਉਮਰ ਕੈਦ ਅਤੇ ਦੂਜਾ ਬਰੀ

ਪਟਿਆਲਾ, 31 ਅਕਤੂਬਰ (ਬਲਜਿੰਦਰ)–ਮਾਣਯੋਗ ਐਡੀਸ਼ਨਲ ਸੈਸ਼ਨਜ਼ ਜੱਜ ਮਹੇਸ਼ ਗਰੋਵਰ ਦੀ ਅਦਾਲਤ ਨੇ ਜਬਰ-ਜ਼ਨਾਹ ਅਤੇ ਕਤਲ ਦੇ ਕੇਸ 'ਚੋਂ ਇਕ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਦੂਜੇ ਨੂੰ ਬਰੀ ਕਰ ਦਿੱਤਾ ਹੈ। ਇਸ ਮਾਮਲੇ 'ਚ ਮਾਣਯੋਗ ਅਦਾਲਤ ਨੇ ਪ੍ਰਿੰਸੀਪਾਲ ਸਿੰਘ ਨੂੰ ਕਤਲ 'ਚ ਉਮਰ ਕੈਦ, ਪੋਕਸੋ 'ਚ 20 ਅਤੇ ਕਿਡਨੈਪਿੰਗ 'ਚ 5-5 ਸਾਲ ਦੀ ਸਜ਼ਾ ਸੁਣਾਈ ਹੈ, ਜਦੋਂ ਕਿ ਗਗਨਦੀਪ ਸਿੰਘ ਪੁੱਤਰ ਸੇਵਾ ਰਾਮ ਵਾਸੀ ਸ਼ੁਤਰਾਣਾ ਨੂੰ ਬਰੀ ਕਰ ਦਿੱਤਾ ਹੈ।

ਗਗਨਦੀਪ ਸਿੰਘ ਦੇ ਵਕੀਲ ਐਡਵੋਕੇਟ ਬੀ. ਐੱਸ. ਭੁੱਲਰ ਅਤੇ ਐਡਵੋਕੇਟ ਐੱਸ. ਐੱਸ. ਸੱਗੂ ਨੇ ਦੱਸਿਆ ਕਿ ਇਸ ਮਾਮਲੇ 'ਚ ਥਾਣਾ ਘੱਗਾ ਦੀ ਪੁਲਸ ਨੇ 8 ਅਪ੍ਰੈਲ 2022 ਨੂੰ ਬਲਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਗਗਨਦੀਪ ਸਿੰਘ ਅਤੇ ਪ੍ਰਿੰਸੀਪਾਲ ਸਿੰਘ ਦੇ ਖ਼ਿਲਾਫ਼ ਨਾਬਾਲਿਗਾ ਨੂੰ ਘਰੋਂ ਅਗਵਾ ਕਰ ਕੇ ਉਸ ਨਾਲ ਜਬਰ-ਜ਼ਨਾਹ ਤੋਂ ਬਾਅਦ ਕਤਲ ਦੇ ਦੋਸ਼ 'ਚ ਕੇਸ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਬਲਵਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਲੜਕੀ 6 ਅਪ੍ਰੈਲ ਨੂੰ ਆਪਣੀ ਮਾਂ ਨਾਲ ਸੁੱਤੀ ਪਈ ਸੀ ਤੇ ਰਾਤ ਨੂੰ ਘਰੋਂ ਗਾਇਬ ਹੋ ਗਈ।

ਉਨ੍ਹਾਂ ਨੇ ਪੁਲਸ ਨੂੰ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਅਤੇ ਪੁਲਸ ਨੇ 7 ਅਪ੍ਰੈਲ ਨੂੰ ਅਣਪਛਾਤੇ ਵਿਅਕਤੀਆਂ ਦੇ ਖ਼ਿਲਾਫ਼ ਕੇਸ ਕੀਤਾ ਸੀ। 8 ਅਪ੍ਰੈਲ ਨੂੰ ਲੜਕੀ ਦੇ ਭਰਾ ਦੇ ਬਿਆਨਾਂ ਦੇ ਆਧਾਰ 'ਤੇ ਪ੍ਰਿੰਸੀਪਾਲ ਸਿੰਘ ਅਤੇ ਗਗਨਦੀਪ ਸਿੰਘ ਨੂੰ ਇਸ ਮਾਮਲੇ 'ਚ ਨਾਮਜ਼ਦ ਕੀਤਾ ਗਿਆ ਅਤੇ 8 ਅਪ੍ਰੈਲ ਨੂੰ ਲੜਕੀ ਦੀ ਡੈੱਡ ਬਾਡੀ ਪਿੰਡ ਅਰਨੇਟੂ ਦੇ ਘੱਗਰ ਦਰਿਆ ਦੇ ਕੋਲੋਂ ਬਰਾਮਦ ਹੋਈ ਸੀ, ਜਿਸ ਦੇ ਪਰਸ 'ਚੋਂ ਗਗਨਦੀਪ ਸਿੰਘ ਦੀਆਂ ਫ਼ੋਟੋਆਂ, ਆਧਾਰ ਕਾਰਡ ਅਤੇ ਪੈਸੇ ਮਿਲੇ ਸਨ। ਇਸ ਤੋਂ ਬਾਅਦ ਮੈਡੀਕਲ ਕਰਵਾਉਣ ਤੋਂ ਬਾਅਦ ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਵਕੀਲ ਐਡਵੋਕੇਟ ਬੀ. ਐੱਸ. ਭੁੱਲਰ ਅਤੇ ਐਡਵੋਕੇਟ ਐੱਸ. ਐੱਸ. ਸੱਗੂ ਨੇ ਦੱਸਿਆ ਕਿ ਜਦੋਂ ਮਾਮਲਾ ਮਾਣਯੋਗ ਅਦਾਲਤ 'ਚ ਸੁਣਵਾਈ ਅਧੀਨ ਆਇਆ ਤਾਂ ਉਨ੍ਹਾਂ ਨੇ ਮਾਣਯੋਗ ਅਦਾਲਤ ਦੇ ਸਾਹਮਣੇ ਪੱਖ ਰੱਖਿਆ ਕਿ ਉਨ੍ਹਾਂ ਦਾ ਕਲਾਇੰਟ ਜਿਸ ਰਾਤ ਨੂੰ ਲੜਕੀ ਗਾਇਬ ਹੋਈ, ਉਸ ਰਾਤ ਪਿੰਡ 'ਚ ਜਗਰਾਤਾ ਸੀ ਅਤੇ ਉਹ ਉਸ 'ਚ ਹਾਜ਼ਰ ਸੀ। ਗਗਨਦੀਪ ਸਿੰਘ ਦੀ ਕੋਈ ਵੀ ਕਾਲ ਡਿਟੇਲ ਲੜਕੀ ਨਾਲ ਨਹੀਂ ਹੋਈ ਸੀ ਅਤੇ ਉਸ ਦੀ ਲੋਕੇਸ਼ਨ ਵੀ ਪਿੰਡ ਦੀ ਹੀ ਸੀ।

ਇਸ ਤੋਂ ਇਲਾਵਾ ਉਨ੍ਹਾਂ ਨੇ ਇਸ ਕੇਸ ਸਬੰਧੀ ਸਾਰੇ ਤੱਥ ਮਾਣਯੋਗ ਅਦਾਲਤ ਦੇ ਸਾਹਮਣੇ ਰੱਖੇ ਅਤੇ ਮਾਣਯੋਗ ਅਦਾਲਤ ਨੇ ਸਾਰੇ ਪੱਖਾਂ ਦੀ ਸੁਣਵਾਈ ਤੋਂ ਬਾਅਦ ਪ੍ਰਿੰਸੀਪਾਲ ਨੂੰ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾ ਦਿੱਤੀ ਅਤੇ ਗਗਨਦੀਪ ਸਿੰਘ ਨੂੰ ਇਸ ਮਾਮਲੇ 'ਚੋਂ ਬਰੀ ਕਰ ਦਿੱਤਾ।

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ: 174,175-2026-27-ADEN-2-FZR & 176,177,178,187-2026-27-ADEN-1-FZR ਤਾਰੀਖ : 30.10.2026

ਮੰਡਲ ਇੰਜੀਨੀਅਰ-ਹੈਡਕੁਆਰਟਰ/ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਤੋਂ ਹੇਠਾਂ ਲਿਖਤ ਟਾਈਟਲ ਵਾਲੀਆਂ ਈ-ਟੈਂਡਰਾਂ ਦੀ ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਅਤੇ ਜਿਨ੍ਹਾਂ ਦੇ ਬੰਦ ਹੋਣ ਦੀ ਮਿਤੀ 20.11.2026 ਦੁਪਹਿਰ15:00 ਵਜੇ ਤਕ ਹੈ। ਨਿਵਿਦਾਕਰਤਾ ਕੇਵਲ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਆਪਣੇ ਮੁਲਾਂਕਿਤ ਨਿਵਿਦਾਵਾਂ ਪੇਸ਼ ਕਰ ਸਕਦੇ ਹਨ। ਇਸ ਨਿਵਿਦਾ ਦੇ ਵਿਰੁੱਧ ਮੈਨੂਅਲ ਪ੍ਰਸਤਾਵ ਦੀ ਇਜਾਜ਼ਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਕੋਈ ਕਿਸੇ ਵੀ ਮੈਨੂਅਲ ਪ੍ਰਸਤਾਵ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਇਸ ਨਿਵਿਦਾ ਦੇ ਲਈ ਨਿਵਿਦਾ ਫਾਰਮ ਫੀਸ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜ਼ਤ ਹੈ। ਨੈੱਟ ਬੈਂਕਿੰਗ, ਡੈਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾਂ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂਅਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ www.ireps.gov.in ਲਾਗ ਇਨ ਕਰੋ

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਬੋਲੀ ਪ੍ਰਣਾਲੀ
ਖੁੱਲ੍ਹਾ	ਕੰਮ	ਸਿੰਗਲ ਪੈਕੇਟ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ
28.10.2026	06.11.2026	20.11.2026 15:00 ਵਜੇ

ਲੜੀ ਨੰਬਰ	ਨਿਵਿਦਾ ਸੰਖਿਆ, ਮਿਤੀ	ਨਿਵਿਦਾ ਦਾ ਵੇਰਵਾ			
1.	174-2026-27-ADEN-2-FZR	ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜ਼ਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਜਲਾਲਾਬਾਦ ਸੈਕਸ਼ਨ ਵਿਚ, ਫਿਰੋਜ਼ਪੁਰ ਸਿਟੀ ਤੋਂ ਫਾਜ਼ਿਲਕਾ ਅਤੇ ਅਬੋਹਰ ਤੋਂ ਫਾਜ਼ਿਲਕਾ (ਇਸ ਨੂੰ ਛੱਡ ਕੇ) ਤੋਂ ਫਿਰੋਜ਼ਪੁਰ ਸਿਟੀ ਤਕ ਦੇ ਰੇਲ ਸੈਕਸ਼ਨ (ਜ਼ੋਨ-1) ਵਿਚ ਸਟੇਸ਼ਨ ਭਵਨਾਂ ਅਤੇ ਹੋਰ ਸਰਵਿਸ ਭਵਨਾਂ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-27)।			
		ਵਿਗਿਆਪਨ ਮੁੱਲ (ਰੁ)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
		8998531.26	180000.00	60 ਦਿਨ	12 ਮਹੀਨੇ
	ਸਮਾਨ ਨੇਚਰ ਦਾ ਕੰਮ: ''ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''				
2.	175-2026-27-ADEN-2-FZR	ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜ਼ਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਲੋਹੀਆਂ ਖਾਸ ਸੈਕਸ਼ਨ ਅਨੁਭਾਗ ਦੇ ਤਹਿਤ ਫਿਰੋਜ਼ਪੁਰ ਨੂੰ (ਇਸ ਨੂੰ ਛੱਡ ਕੇ) ਜਲੰਧਰ ਸ਼ਹਿਰ (ਛੱਡ ਕੇ) ਸੈਕਸ਼ਨ (ਜ਼ੋਨ-2) ਵਿਚ ਸਟੇਸ਼ਨ ਭਵਨਾਂ ਅਤੇ ਹੋਰ ਸਰਵਿਸ ਭਵਨਾਂ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-27)।			
		ਵਿਗਿਆਪਨ ਮੁੱਲ (ਰੁ)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
		4999150.39	100000.00	60 ਦਿਨ	12 ਮਹੀਨੇ
	ਸਮਾਨ ਨੇਚਰ ਦਾ ਕੰਮ: ''ਕੋਈ ਕੰਮ ਨਹੀਂ''				
3.	176-2026-27-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਕੋਟਕਪੂਰਾ ਦੇ ਸੈਕਸ਼ਨ ਵਿਚ ਫਿਰੋਜ਼ਪੁਰ ਨੂੰ (ਇਸ ਨੂੰ ਛੱਡ ਕੇ) ਬਠਿੰਡਾ (ਛੱਡ ਕੇ) ਅਤੇ ਕੋਟਕਪੂਰਾ-ਫਾਜ਼ਿਲਕਾ (ਤੱਕ ਕੇ) ਸੈਕਸ਼ਨ (ਜ਼ੋਨ ਨੰਬਰ-4) ਵਿਚ ਸਟੇਸ਼ਨ ਭਵਨਾਂ ਅਤੇ ਹੋਰ ਸਰਵਿਸ ਭਵਨਾਂ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-27)।			
		ਵਿਗਿਆਪਨ ਮੁੱਲ (ਰੁ)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
		8999356.59	180000.00	60 ਦਿਨ	12 ਮਹੀਨੇ
	ਸਮਾਨ ਨੇਚਰ ਦਾ ਕੰਮ: ''ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''				
4.	177-2026-27-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਜਗਰਾਓਂ ਦੇ ਸੈਕਸ਼ਨ ਵਿਚ ਤਲਵੰਡੀ (ਛੱਡ ਕੇ) ਲੁਧਿਆਣਾ (ਛੱਡ ਕੇ) ਸੈਕਸ਼ਨ (ਜ਼ੋਨ ਨੰਬਰ-5) ਵਿਚ ਸਟੇਸ਼ਨ ਭਵਨਾਂ ਅਤੇ ਹੋਰ ਸਰਵਿਸ ਭਵਨਾਂ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-27)।			
		ਵਿਗਿਆਪਨ ਮੁੱਲ (ਰੁ)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
		8999111.36	180000.00	60 ਦਿਨ	12 ਮਹੀਨੇ
	ਸਮਾਨ ਨੇਚਰ ਦਾ ਕੰਮ: ''ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''				
5.	178-2026-27-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਫਿਰੋਜ਼ਪੁਰ ਸੈਕਸ਼ਨ ਵਿਚ ਫਿਰੋਜ਼ਪੁਰ ਦੀ ਕਾਲੋਨੀ ਨੰਬਰ 1 ਅਤੇ 2 ਵਿਚ ਸਟੇਸ਼ਨ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਹੀ ਮੌਜੂਦਾ ਢਾਂਚੇ ਵਿਚ ਨਵੀਂ ਉਸਾਰੀ, ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-2027)।			
		ਵਿਗਿਆਪਨ ਮੁੱਲ (ਰੁ)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
		8998367.70	180000.00	60 ਦਿਨ	12 ਮਹੀਨੇ
	ਸਮਾਨ ਨੇਚਰ ਦਾ ਕੰਮ: ''ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''				
6.	187-2026-27-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਤਹਿਤ ਸੀਨੀਅਰ ਅਨੁਭਾਗੀ / ਕੰਮ/ ਫਿਰੋਜ਼ਪੁਰ ਸੈਕਸ਼ਨ ਵਿਚ ਫਿਰੋਜ਼ਪੁਰ ਦੀ (ਜ਼ੋਨ ਨੰਬਰ-2) ਦੀ ਕਾਲੋਨੀ ਨੰਬਰ 3 ਅਤੇ 4 ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ, ਨਾਲ ਨਵੀਂ ਉਸਾਰੀ, ਮੌਜੂਦਾ ਢਾਂਚੇ ਵਿਚ ਵਿਸਤਾਰ, ਬਦਲਾਅ ਅਤੇ ਐਮਰਜੈਂਸੀ ਕੰਮ (2026-2027)।			
		ਵਿਗਿਆਪਨ ਮੁੱਲ (ਰੁ)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
		8995514.01	179900.00	60 ਦਿਨ	12 ਮਹੀਨੇ
	ਸਮਾਨ ਨੇਚਰ ਦਾ ਕੰਮ: ''ਟ੍ਰੈਕ ਦੇ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''				

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁੱਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜ਼ਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜ਼ਨ ਹੀ ਮਾਨਯ ਹੋਵੇਗੀ।

ਨੰ.: 770-W/169/WA/FZR/2026-27 ਤਾਰੀਖ : 30.10.2026 3821/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਕਿਸਾਨਾਂ ਨੂੰ ਜਾਗਰੂਕ ਕਰਨ ਪੁੱਜੇ ਭੂਮੀ ਰੱਖਿਆ ਅਫਸਰ ਨਾਲ ਕੁੱਟਮਾਰ

ਤਰਨਤਾਰਨ 31 ਅਕਤੂਬਰ (ਰਮਨ)– ਵਿਧਾਨ ਸਭਾ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਪਿੰਡ ਕੰਗ ਵਿਖੇ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਦੌਰਾਨ ਮੌਕੇ 'ਤੇ ਪੁੱਜੇ ਭੂਮੀ ਅਤੇ ਜਲ ਸੰਭਾਲ ਮਹਿਕਮੇ ਦੇ ਭੂਮੀ ਰੱਖਿਆ ਅਫਸਰ ਨਾਲ ਕੁੱਟਮਾਰ ਕਰਨ, ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਤੇ ਉਸ ਦੀ ਦਾੜ੍ਹੀ ਪੁੱਟਣ ਅਤੇ ਪਗੜੀ ਉਤਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਇਕ ਕਿਸਾਨ ਖਿਲਾਫ ਪਰਚਾ ਦਰਜ ਕਰਦੇ ਹੋਏ ਉਸ ਨੂੰ ਗ੍ਰਿਫਤਾਰ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮਨਜਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਜੱਬੋਵਾਲ ਜ਼ਿਲਾ ਅੰਮ੍ਰਿਤਸਰ ਨੇ ਦੱਸਿਆ ਕਿ ਉਹ ਭੂਮੀ ਅਤੇ ਜਲ ਸੰਭਾਲ ਮਹਿਕਮੇ ਵਿਚ ਬਤੌਰ ਭੂਮੀ ਰੱਖਿਆ ਅਫਸਰ ਵਜੋਂ ਖਡੂਰ ਸਾਹਿਬ ਵਿਖੇ ਡਿਊਟੀ 'ਤੇ ਤਾਇਨਾਤ ਹੈ। ਬੀਤੀ 29 ਅਕਤੂਬਰ ਨੂੰ ਉਹ ਆਪਣੇ ਇਲਾਕੇ ਵਿਚ ਡਿਊਟੀ ਕਰ ਰਿਹਾ ਸੀ। ਇਸ ਦੌਰਾਨ ਪਿੰਡ ਕੰਗ ਮੱਥੇਵਾਲ ਰੋਡ ਤੋਂ ਪਰਾਲੀ ਨੂੰ ਅੱਗ ਲਗਾਉਣ ਦਾ ਧੂਆਂ ਆ ਰਿਹਾ ਸੀ ਜਿਸ ਦੇ ਚਲਦਿਆਂ ਉਹ ਮੌਕੇ 'ਤੇ ਪਹੁੰਚ ਗਿਆ ਅਤੇ ਪਰਾਲੀ ਨੂੰ ਅੱਗ ਲਗਾ ਰਹੇ ਕਿਸਾਨਾਂ ਨੂੰ ਜਾਗਰੂਕ ਕਰਨ ਲੱਗ ਪਿਆ।

ਜਦੋਂ ਮਨਜਿੰਦਰ ਸਿੰਘ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕਰਦੇ ਹੋਏ ਪ੍ਰਦੂਸ਼ਣ ਫੈਲਣ ਸਬੰਧੀ ਵੀਡੀਓ ਬਣਾਉਣ ਲੱਗਾ ਤਾਂ ਕੁਝ ਵਿਅਕਤੀ ਉਸ ਦੀ ਕੁੱਟਮਾਰ ਕਰਨ ਲੱਗ ਪਏ, ਜਿਨ੍ਹਾਂ ਵੱਲੋਂ ਉਸ ਦਾ ਜ਼ਬਰਦਸਤੀ ਫੋਨ ਖੋ ਲਿਆ ਗਿਆ ਅਤੇ ਉਸ ਨੂੰ ਗੱਲ ਤੋਂ ਫੜ ਕੇ ਕੁੱਟਮਾਰ ਸ਼ੁਰੂ ਕਰ ਦਿੱਤੀ ਗਈ। ਇਸ ਦੌਰਾਨ ਮਨਜਿੰਦਰ ਸਿੰਘ ਦੀ ਪੱਗ ਵੀ ਉਤਾਰ ਦਿੱਤੀ ਗਈ ਅਤੇ ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਗੋਇੰਦਵਾਲ ਸਾਹਿਬ ਹਰਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਭੂਮੀ ਰੱਖਿਆ ਅਫਸਰ ਮਨਜਿੰਦਰ ਸਿੰਘ ਦੇ ਬਿਆਨਾਂ ਹੇਠ ਅਮਨਦੀਪ ਸਿੰਘ ਉਰਫ ਅਮਨ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਕੰਗ ਖਿਲਾਫ ਪਰਚਾ ਦਰਜ ਕਰਦੇ ਹੋਏ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

ਪੰਜਾਬ ਏਂਡ ਸਿੰਧ ਬੈਂਕ Punjab & Sind Bank (A GOVT. OF INDIA UNDERTAKING)

ਭਾਰਤ ਸਰਕਾਰ का एक उपक्रम

Where service is a way of life

ਰੀਜਨਲ ਆਫਿਸ, ਮੋਗਾ ਜੀ. ਟੀ. ਰੋਡ, ਮੋਗਾ, ਪੰਜਾਬ-142001.

ਈ-ਮੇਲ : ro.moga@psb.bank.in

ਪੰਜਾਬ ਐਂਡ ਸਿੰਧ ਬੈਂਕ, ਬਿਲਾਸਪੁਰ, ਰੀਜਨ ਮੋਗਾ ਦੀ ਅੰਦਰੂਨੀ ਸਾਜੋ-ਸਜਾਵਟ, ਬਿਜਲੀ ਦਾ ਕੰਮ ਅਤੇ ਡਾਟਾ ਕੇਬਲਿੰਗ ਦਾ ਕੰਮ

ਪੰਜਾਬ ਐਂਡ ਸਿੰਧ ਬੈਂਕ ਵੱਲੋਂ ਹੇਠ ਲਿਖੇ ਦਫਤਰ ਦੀ ਅੰਦਰੂਨੀ ਸਾਜੋ-ਸਜਾਵਟ ਤੇ ਸਬੰਧਤ ਬਿਜਲੀ ਦੇ ਕੰਮਾਂ ਲਈ ਈ-ਟੈਂਡਰਿੰਗ ਮਾਧਿਅਮਾਂ ਰਾਹੀਂ ਟੂ ਬਿਡ ਸਿਸਟਮ (ਟੈਕਨੀਕਲ ਬਿਡ ਤੇ ਫਾਇਨਾਂਸ਼ੀਅਲ ਬਿਡ) 'ਚ ਓਪਨ ਟੈਂਡਰ ਰਾਹੀਂ ਅਰਜ਼ੀਆਂ ਦਾ ਸੱਦਾ ਦਿੱਤਾ ਜਾਂਦਾ ਹੈ।

ਲੜੀ ਨੰ.	ਦਫਤਰ	ਪਤਾ
1.	ਬਿਲਾਸਪੁਰ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲਾ ਤੇ ਰੀਜਨ ਮੋਗਾ, ਪੰਜਾਬ।	ਬਿਲਾਸਪੁਰ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲਾ ਤੇ ਰੀਜਨ ਮੋਗਾ, ਪੰਜਾਬ।

ਅਰਜ਼ੀਆਂ ਭੇਜਣ ਦੀ ਅੰਤਿਮ ਮਿਤੀ 09.11.2026 ਸ਼ਾਮ 5 ਵਜੇ ਤਕ ਹੈ। ਹੋਰ ਵੇਰਵਿਆਂ ਲਈ ਸਾਡੀ ਵੈੱਬਸਾਈਟ www.punjabandsind.bank.in ਜਾਂ https://psb.eproc.in 'ਤੇ ਵਿਜ਼ਿਟ ਕਰੋ। ਰੀਜਨਲ ਮੈਨੇਜਰ

ਪੰਜਾਬ ਨੈਸ਼ਨਲ ਬੈਂਕ pnb

...ਭਰੋਸੇ ਦਾ ਪ੍ਰਤੀਕ !

ਸੀ. ਓ.-ਐੱਸ. ਏ. ਐੱਮ. ਸਰਕਲ ਆਫਿਸ ਕਪੂਰਥਲਾ :

ਪੀ. ਐੱਨ. ਬੀ. ਹਾਊਸ, ਸੱਤ ਨਾਰਾਇਣ ਬਾਜ਼ਾਰ, ਨੇੜੇ ਨਟਰਾਜ ਹੋਟਲ, ਕਪੂਰਥਲਾ, ਮੋਬਾਈਲ : 8427133773

ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਿਟੀ ਇੰਟ੍ਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ ਰੂਲ 9(1) ਦੀ ਪ੍ਰੋਵਿਜ਼ੋ ਨਾਲ ਪੜ੍ਹੇ ਜਾਂਦੇ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਸਕਿਓਰਿਟੀ ਇੰਟ੍ਰਸਟ ਐਕਟ, 2002 ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਅਚੱਲ ਜਾਇਦਾਦ ਦਾ ਰਚਨਾਤਮਕ/ਭੌਤਿਕ/ਸੰਕੇਤਕ ਕਬਜ਼ਾ ਬੈਂਕ/ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਤੋਂ ਬੈਂਕ/ਸਕਿਓਰਡ ਕ੍ਰੈਡਿਟਰ ਦੇ ਬਕਾਇਆਂ ਦੀ ਵਸੂਲੀ ਲਈ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ 'ਜਿਵੇਂ ਹੈ ਜਿੱਥੇ ਹੈ, 'ਜਿਵੇਂ ਹੈ ਜੋ ਹੈ' ਅਤੇ 'ਜੋ ਵੀ ਹੈ' ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਰਕਮ ਬਿਆਨਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦ ਸਾਹਮਣੇ ਦੱਸੇ ਅਨੁਸਾਰ ਹੋਣਗੀਆਂ।

ਸਕਿਓਰਡ ਜਾਇਦਾਦਾਂ ਦਾ ਸ਼ਡਿਊਲ

ਬ੍ਰਾਂਚ ਦਾ ਨਾਂ ਕਰਜ਼ਦਾਰ/ਗਾਰੰਟਰ ਦੇ ਅਕਾਊਂਟ ਦਾ ਨਾਂ ਤੇ ਪਤਾ	ਮਾਰਟਗੇਜਡ ਚੱਲ/ਅਚੱਲ ਜਾਇਦਾਦਾਂ/ਮਾਲਕ ਦੇ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ) ਦਾ ਵੇਰਵਾ	(ਏ) ਸਰਫੇਸੀ ਐਕਟ 2002 ਦੀ ਧਾਰਾ 13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ ਜਿਵੇਂ ਹੈ (ਸੀ) ਸਰਫੇਸੀ ਐਕਟ 2002 ਦੀ ਧਾਰਾ 13(4) ਤਹਿਤ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ-ਸੰਕੇਤਕ/ਭੌਤਿਕ/ਰਚਨਾਤਮਕ	(ਏ) ਰਾਖਵੀਂ ਕੀਮਤ (ਬੀ) ਈ. ਐੱਮ. ਡੀ. (ਸੀ) ਬੋਲੀ ਵਾਧਾ ਰਕਮ	ਈ-ਨਿਲਾਮੀ ਦੀ ਮਿਤੀ/ਸਮਾਂ	ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
ਸਰਫੇਸੀ ਐਕਟ, 2002 ਦੇ ਰੂਲ 8(6) ਤਹਿਤ 30 ਦਿਨਾ ਵਿਧਾਨਕ ਵਿਕਰੀ ਨੋਟਿਸ					
ਬੀ. ਓ. : ਕਾਲਾ ਸੰਘਿਆਂ (136110) ਈ-ਮੇਲ : bo136110@pnb.bank.in ਮੈਸਰਜ਼ ਮਾਰੀਆ ਕਰਿਆਨਾ ਸਟੋਰ (ਕਰਜ਼ਦਾਰ) ਆਪਣੇ ਮਾਲਕ ਸ਼੍ਰੀ ਜੰਗ ਬਹਾਦਰ ਪੁੱਤਰ ਸ਼੍ਰੀ ਭਗਵਤੀ ਸਰੂਪ, ਵਾਸੀ ਪਿੰਡ ਕਾਲਾ ਸੰਘਿਆਂ, ਜ਼ਿਲਾ ਕਪੂਰਥਲਾ-144623 ਰਾਹੀਂ। ਸ਼੍ਰੀ ਜੰਗ ਬਹਾਦਰ ਪੁੱਤਰ ਸ਼੍ਰੀ ਭਗਵਤੀ ਸਰੂਪ (ਕਰਜ਼ਦਾਰ), ਮਾਲਕ ਮਾਰੀਆ ਕਰਿਆਨਾ ਸਟੋਰ। ਸ਼੍ਰੀਮਤੀ ਵੰਦਨਾ (ਗਾਰੰਟਰ) ਪਤਨੀ ਸ਼੍ਰੀ ਜੰਗ ਬਹਾਦਰ ਪੁੱਤਰ ਸ਼੍ਰੀ ਭਗਵਤੀ ਸਰੂਪ, ਸ਼੍ਰੀਮਤੀ ਸੋਨੀਆ (ਗਾਰੰਟਰ) ਪਤਨੀ ਸ਼੍ਰੀ ਸਤੀਸ਼ ਕੁਮਾਰ ਪੁੱਤਰ ਸ਼੍ਰੀ ਭਗਵਤੀ ਸਰੂਪ, ਸ਼੍ਰੀਮਤੀ ਰੀਟਾ (ਗਾਰੰਟਰ) ਪਤਨੀ ਸ਼੍ਰੀ ਰਵੀ ਭੂਸ਼ਣ ਪੁੱਤਰ ਸ਼੍ਰੀ ਭਗਵਤੀ ਸਰੂਪ, ਸ਼੍ਰੀਮਤੀ ਮਮਤਾ (ਗਾਰੰਟਰ) ਪਤਨੀ ਸ਼੍ਰੀ ਮੰਗਤ ਰਾਮ ਪੁੱਤਰ ਸ਼੍ਰੀ ਭਗਵਤੀ ਸਰੂਪ, ਸਾਰੇ ਵਾਸੀ ਪਿੰਡ ਕਾਲਾ ਸੰਘਿਆਂ, ਜ਼ਿਲਾ ਕਪੂਰਥਲਾ-144623।	ਵਪਾਰਕ ਜਾਇਦਾਦ ਦੀ ਇਕਵੀਟੇਬਲ ਮਾਰਟਗੇਜ। ਕੁੱਲ 63 ਮਰਲੇ-4 ਸਰਸਾਈਆਂ ਰਕਬੇ ਵਾਲੀ ਵਪਾਰਕ ਜਾਇਦਾਦ, ਜੋ ਪਿੰਡ ਕਾਲਾ ਸੰਘਿਆਂ, ਤਹਿਸੀਲ ਤੇ ਜ਼ਿਲਾ ਕਪੂਰਥਲਾ ਵਿਖੇ ਸੁਵਿਧਾ ਕੇਂਦਰ ਅਤੇ ਡਾਕਖਾਨੇ ਦੇ ਸਾਹਮਣੇ ਸਥਿਤ ਹੈ, ਜਿਸ ਵਿਚ ਹੇਠ ਲਿਖੇ ਵੇਰਵੇ ਸ਼ਾਮਲ ਹਨ :	(ਏ) 11.08.2026 (ਬੀ) 1,04,18,779.31 ਰੁਪਏ 02.08.2026 ਨੂੰ ਜਮ੍ਹਾ 31.07.2026 ਤੋਂ ਵਿਆਜ ਤੇ ਹੋਰ ਕਾਨੂੰਨੀ/ਵੱਖ-ਵੱਖ ਖਰਚੇ। (ਸੀ) 21.10.2026, (ਡੀ) ਸੰਕੇਤਕ ਕਬਜ਼ਾ	(ਏ) 118.52 ਰੁਪਏ (ਬੀ) 11.86 ਲੱਖ ਰੁਪਏ (ਸੀ) 20,000 ਰੁਪਏ	03.12.2026 ਸਵੇਰੇ 11 ਤੋਂ ਸ਼ਾਮ 4 ਵਜੇ	ਜਾਣਕਾਰੀ ਨਹੀਂ

1. ਟਰਾਂਸਫਰ ਡੀਡ ਨੰਬਰ 2019-20/30/1/245 ਮਿਤੀ 22.04.2019, ਸ਼੍ਰੀਮਤੀ ਰੀਟਾ ਪਤਨੀ ਸ਼੍ਰੀ ਰਵੀ ਭੂਸ਼ਣ ਪੁੱਤਰ ਸ਼੍ਰੀ ਭਗਵੰਤੀ ਸਰੂਪ ਦੇ ਨਾਂ 'ਤੇ ਦਰਜ ਹੈ, ਜਿਸ ਅਧੀਨ 15 ਮਰਲੇ-8.5 ਸਰਸਾਈਆਂ ਜ਼ਮੀਨ, ਪਿੰਡ ਕਾਲਾ ਸੰਘਿਆਂ, ਤਹਿਸੀਲ ਤੇ ਜ਼ਿਲਾ ਕਪੂਰਥਲਾ ਵਿਖੇ ਸੁਵਿਧਾ ਕੇਂਦਰ ਤੇ ਡਾਕਖਾਨੇ ਦੇ ਸਾਹਮਣੇ ਸਥਿਤ ਹੈ।
ਖਾਤਾ ਨੰਬਰ 571/813, ਖਸਰਾ ਨੰਬਰ 25//19/3 (1-4), ਜਿਸ ਵਿਚੋਂ ਹਿੱਸਾ 23/1536, 0 ਮਰਲੇ-3 ਸਰਸਾਈਆਂ ਹੈ। ਖਾਤਾ ਨੰਬਰ 573/815, ਖਸਰਾ ਨੰਬਰ 25//12/1 (3-0), ਜਿਸ ਵਿਚੋਂ ਹਿੱਸਾ 23/1536, 0 ਮਰਲੇ-7.75 ਸਰਸਾਈਆਂ ਹੈ। ਖਾਤਾ ਨੰਬਰ 574/816, ਖਸਰਾ ਨੰਬਰ 25//2/1 (1-19), ਜਿਸ ਵਿਚੋਂ ਹਿੱਸਾ 5/312, 0 ਮਰਲੇ-5.5 ਸਰਸਾਈਆਂ ਹੈ। ਖਾਤਾ ਨੰਬਰ 575/817, ਖਸਰਾ ਨੰਬਰ 25//11 (5-7), ਜਿਸ ਵਿਚੋਂ ਹਿੱਸਾ 3/214, 1 ਮਰਲਾ-4.5 ਸਰਸਾਈਆਂ ਹੈ। ਖਾਤਾ ਨੰਬਰ 577/819, ਖਸਰਾ ਨੰਬਰ 25//2/3/1 (1-0), ਜਿਸ ਵਿਚੋਂ ਹਿੱਸਾ 23/256, 0 ਮਰਲੇ-3.75 ਸਰਸਾਈਆਂ ਹੈ। ਖਾਤਾ ਨੰਬਰ 578/820, ਖਸਰਾ ਨੰਬਰ 25//2/3/2 (4-11), ਜਿਸ ਵਿਚੋਂ ਹਿੱਸਾ 23/1024, 2 ਮਰਲੇ-0 ਸਰਸਾਈਆਂ ਹੈ। ਖਾਤਾ ਨੰਬਰ 579/821, ਖਸਰਾ ਨੰਬਰ 25/1/1 (4-16), ਹਿੱਸਾ 23/1024, 2 ਮਰਲੇ-1.25 ਸਰਸਾਈਆਂ। ਖਾਤਾ ਨੰਬਰ 580/822, ਖਸਰਾ ਨੰਬਰ 25//1/2 (0-14), ਜਿਸ ਵਿਚੋਂ ਹਿੱਸਾ 23/1024, 0 ਮਰਲੇ-2.50 ਸਰਸਾਈਆਂ ਹੈ। ਖਾਤਾ ਨੰਬਰ 581/823, ਖਸਰਾ ਨੰਬਰ 25//2/2 (0-12), ਜਿਸ ਵਿਚੋਂ ਹਿੱਸਾ 23/1024, 0 ਮਰਲੇ-2.25 ਸਰਸਾਈਆਂ ਹੈ। ਖਾਤਾ ਨੰਬਰ 582/824, ਖਸਰਾ ਨੰਬਰ 25//9/2 (3-0), ਜਿਸ ਵਿਚੋਂ ਹਿੱਸਾ 23/1024, 1 ਮਰਲਾ-2.75 ਸਰਸਾਈਆਂ ਹੈ। ਖਾਤਾ ਨੰਬਰ 583/825, ਖਸਰਾ ਨੰਬਰ 25//10 (8-0), ਜਿਸ ਵਿਚੋਂ ਹਿੱਸਾ 23/1024, 3 ਮਰਲੇ-5 ਸਰਸਾਈਆਂ ਹੈ। ਖਾਤਾ ਨੰਬਰ 584/826, ਖਸਰਾ ਨੰਬਰ 24//5 (2-1), 6 (4-9), ਹਿੱਸਾ 69/3328, 2 ਮਰਲੇ-6 ਸਰਸਾਈਆਂ।

2. ਟਰਾਂਸਫਰ ਡੀਡ ਨੰਬਰ 2019-20/30/1/244 ਮਿਤੀ 22.04.2019 ਸ਼੍ਰੀਮਤੀ ਵੰਦਨਾ ਪਤਨੀ ਸ਼੍ਰੀ ਜੰਗ ਬਹਾਦਰ ਪੁੱਤਰ ਸ਼੍ਰੀ ਭਗਵੰਤੀ ਸਰੂਪ ਦੇ ਨਾਂ 'ਤੇ ਦਰਜ ਹੈ, ਜਿਸ ਅਧੀਨ 15 ਮਰਲੇ-8.5 ਸਰਸਾਈਆਂ ਜ਼ਮੀਨ, ਜੋ ਪਿੰਡ ਕਾਲਾ ਸੰਘਿਆਂ, ਤਹਿਸੀਲ ਤੇ ਜ਼ਿਲਾ ਕਪੂਰਥਲਾ ਵਿਖੇ ਸੁਵਿਧਾ ਕੇਂਦਰ ਤੇ ਡਾਕਖਾਨੇ ਦੇ ਸਾਹਮਣੇ ਸਥਿਤ ਹੈ।
ਖਾਤਾ ਨੰਬਰ 571/813, ਖਸਰਾ ਨੰਬਰ 25//19/3 (1-4), ਜਿਸ ਵਿਚੋਂ ਹਿੱਸਾ 23/1536, 0 ਮਰਲੇ-3 ਸਰਸਾਈਆਂ ਹੈ। ਖਾਤਾ ਨੰਬਰ 573/815, ਖਸਰਾ ਨੰਬਰ 25//12/1 (3-0), ਜਿਸ ਵਿਚੋਂ ਹਿੱਸਾ 23/1536, 0 ਮਰਲੇ-7.75 ਸਰਸਾਈਆਂ ਹੈ। ਖਾਤਾ ਨੰਬਰ 574/816, ਖਸਰਾ ਨੰਬਰ 25//2/1 (1-19), ਜਿਸ ਵਿਚੋਂ ਹਿੱਸਾ 5/312, 0 ਮਰਲੇ-5.5 ਸਰਸਾਈਆਂ ਹੈ। ਖਾਤਾ ਨੰਬਰ 575/817, ਖਸਰਾ ਨੰਬਰ 25//11 (5-7), ਜਿਸ ਵਿਚੋਂ ਹਿੱਸਾ 3/214, 1 ਮਰਲਾ-4.5 ਸਰਸਾਈਆਂ ਹੈ। ਖਾਤਾ ਨੰਬਰ 577/819, ਖਸਰਾ ਨੰਬਰ 25//2/3/1 (1-0), ਜਿਸ ਵਿਚੋਂ ਹਿੱਸਾ 23/256, 0 ਮਰਲੇ-3.75 ਸਰਸਾਈਆਂ ਹੈ। ਖਾਤਾ ਨੰਬਰ 578/820, ਖਸਰਾ ਨੰਬਰ 25//2/3/2 (4-11), ਜਿਸ ਵਿਚੋਂ ਹਿੱਸਾ 23/1024, 2 ਮਰਲੇ-0 ਸਰਸਾਈਆਂ ਹੈ। ਖਾਤਾ ਨੰਬਰ 579/821, ਖਸਰਾ ਨੰਬਰ 25/1/1 (4-16), ਹਿੱਸਾ 23/1024, 2 ਮਰਲੇ-1.25 ਸਰਸਾਈਆਂ। ਖਾਤਾ ਨੰਬਰ 580/822, ਖਸਰਾ ਨੰਬਰ 25//1/2 (0-14), ਜਿਸ ਵਿਚੋਂ ਹਿੱਸਾ 23/1024, 0 ਮਰਲੇ-2.50 ਸਰਸਾਈਆਂ ਹੈ। ਖਾਤਾ ਨੰਬਰ 581/823, ਖਸਰਾ ਨੰਬਰ 25//2/2 (0-12), ਜਿਸ ਵਿਚੋਂ ਹਿੱਸਾ 23/1024, 0 ਮਰਲੇ-2.25 ਸਰਸਾਈਆਂ ਹੈ। ਖਾਤਾ ਨੰਬਰ 582/824, ਖਸਰਾ ਨੰਬਰ 25//9/2 (3-0), ਜਿਸ ਵਿਚੋਂ ਹਿੱਸਾ 23/1024, 1 ਮਰਲਾ-2.75 ਸਰਸਾਈਆਂ ਹੈ। ਖਾਤਾ ਨੰਬਰ 583/825, ਖਸਰਾ ਨੰਬਰ 25//10 (8-0), ਜਿਸ ਵਿਚੋਂ ਹਿੱਸਾ 23/1024, 3 ਮਰਲੇ-5 ਸਰਸਾਈਆਂ ਹੈ। ਖਾਤਾ ਨੰਬਰ 584/826, ਖਸਰਾ ਨੰਬਰ 24//5 (2-1), 6 (4-9), ਹਿੱਸਾ 69/3328, 2 ਮਰਲੇ-6 ਸਰਸਾਈਆਂ।

3. ਟਰਾਂਸਫਰ ਡੀਡ ਨੰਬਰ 2019-20/30/1/243 ਮਿਤੀ 22.04.2019 ਸ਼੍ਰੀਮਤੀ ਸੋਨੀਆ ਪਤਨੀ ਸ਼੍ਰੀ ਸਤੀਸ਼ ਕੁਮਾਰ ਪੁੱਤਰ ਸ਼੍ਰੀ ਭਗਵੰਤੀ ਸਰੂਪ ਦੇ ਨਾਂ 'ਤੇ ਦਰਜ ਹੈ, ਜਿਸ ਅਧੀਨ 15 ਮਰਲੇ-8.5 ਸਰਸਾਈਆਂ ਜ਼ਮੀਨ ਪਿੰਡ ਕਾਲਾ ਸੰਘਿਆਂ, ਤਹਿਸੀਲ ਤੇ ਜ਼ਿਲਾ ਕਪੂਰਥਲਾ ਵਿਖੇ ਸੁਵਿਧਾ ਕੇਂਦਰ ਤੇ ਡਾਕਖਾਨੇ ਦੇ ਸਾਹਮਣੇ ਸਥਿਤ ਹੈ। ਖਾਤਾ ਨੰਬਰ 571/813, ਖਸਰਾ ਨੰਬਰ 25//19/3 (1-4), ਜਿਸ ਵਿਚੋਂ ਹਿੱਸਾ 23/1536, 0 ਮਰਲੇ-3 ਸਰਸਾਈਆਂ ਹੈ। ਖਾਤਾ ਨੰਬਰ 573/815, ਖਸਰਾ ਨੰਬਰ 25//12/1 (3-0), ਜਿਸ ਵਿਚੋਂ ਹਿੱਸਾ 23/1536, 0 ਮਰਲੇ-7.75 ਸਰਸਾਈਆਂ ਹੈ। ਖਾਤਾ ਨੰਬਰ 574/816, ਖਸਰਾ ਨੰਬਰ 25//2/1 (1-19), ਜਿਸ ਵਿਚੋਂ ਹਿੱਸਾ 5/312, 0 ਮਰਲੇ-5.5 ਸਰਸਾਈਆਂ ਹੈ। ਖਾਤਾ ਨੰਬਰ 575/817, ਖਸਰਾ ਨੰਬਰ 25//11 (5-7), ਜਿਸ ਵਿਚੋਂ ਹਿੱਸਾ 3/214, 1 ਮਰਲਾ-4.5 ਸਰਸਾਈਆਂ ਹੈ। ਖਾਤਾ ਨੰਬਰ 577/819, ਖਸਰਾ ਨੰਬਰ 25//2/3/1 (1-0), ਜਿਸ ਵਿਚੋਂ ਹਿੱਸਾ 23/256, 0 ਮਰਲੇ-3.75 ਸਰਸਾਈਆਂ ਹੈ। ਖਾਤਾ ਨੰਬਰ 578/820, ਖਸਰਾ ਨੰਬਰ 25//2/3/2 (4-11), ਜਿਸ ਵਿਚੋਂ ਹਿੱਸਾ 23/1024, 2 ਮਰਲੇ-0 ਸਰਸਾਈਆਂ ਹੈ। ਖਾਤਾ ਨੰਬਰ 579/821, ਖਸਰਾ ਨੰਬਰ 25/1/1 (4-16), ਹਿੱਸਾ 23/1024, 2 ਮਰਲੇ-1.25 ਸਰਸਾਈਆਂ ਹੈ। ਖਾਤਾ ਨੰਬਰ 580/822, ਖਸਰਾ ਨੰਬਰ 25//1/2 (0-14), ਜਿਸ ਵਿਚੋਂ ਹਿੱਸਾ 23/1024, 0 ਮਰਲੇ-2.50 ਸਰਸਾਈਆਂ ਹੈ। ਖਾਤਾ ਨੰਬਰ 581/823, ਖਸਰਾ ਨੰਬਰ 25//2/2 (0-12), ਜਿਸ ਵਿਚੋਂ ਹਿੱਸਾ 23/1024, 0 ਮਰਲੇ-2.25 ਸਰਸਾਈਆਂ ਹੈ। ਖਾਤਾ ਨੰਬਰ 582/824, ਖਸਰਾ ਨੰਬਰ 25//9/2 (3-0), ਜਿਸ ਵਿਚੋਂ ਹਿੱਸਾ 23/1024, 1 ਮਰਲਾ-2.75 ਸਰਸਾਈਆਂ ਹੈ। ਖਾਤਾ ਨੰਬਰ 583/825, ਖਸਰਾ ਨੰਬਰ 25//10 (8-0), ਜਿਸ ਵਿਚੋਂ ਹਿੱਸਾ 23/1024, 3 ਮਰਲੇ-5 ਸਰਸਾਈਆਂ ਹੈ। ਖਾਤਾ ਨੰਬਰ 584/826, ਖਸਰਾ ਨੰਬਰ 24//5 (2-1), 6 (4-9), ਹਿੱਸਾ 69/3328, 2 ਮਰਲੇ-6 ਸਰਸਾਈਆਂ।

4. ਟਰਾਂਸਫਰ ਡੀਡ ਨੰਬਰ 2019-20/30/1/242 ਮਿਤੀ 22.04.2019 ਸ਼੍ਰੀਮਤੀ ਮਮਤਾ ਪਤਨੀ ਸ਼੍ਰੀ ਮੰਗਤ ਰਾਮ ਪੁੱਤਰ ਸ਼੍ਰੀ ਭਗਵੰਤੀ ਸਰੂਪ ਦੇ ਨਾਂ 'ਤੇ ਦਰਜ ਹੈ, ਜਿਸ ਅਧੀਨ 15 ਮਰਲੇ-8.5 ਸਰਸਾਈਆਂ ਜ਼ਮੀਨ ਪਿੰਡ ਕਾਲਾ ਸੰਘਿਆਂ, ਤਹਿਸੀਲ ਤੇ ਜ਼ਿਲਾ ਕਪੂਰਥਲਾ ਵਿਖੇ ਸੁਵਿਧਾ ਕੇਂਦਰ ਤੇ ਡਾਕਖਾਨੇ ਦੇ ਸਾਹਮਣੇ ਸਥਿਤ ਹੈ। ਖਾਤਾ ਨੰਬਰ 571/813, ਖਸਰਾ ਨੰਬਰ 25//19/3 (1-4), ਜਿਸ ਵਿਚੋਂ ਹਿੱਸਾ 23/1536, 0 ਮਰਲੇ-3 ਸਰਸਾਈਆਂ ਹੈ। ਖਾਤਾ ਨੰਬਰ 573/815, ਖਸਰਾ ਨੰਬਰ 25//12/1 (3-0), ਜਿਸ ਵਿਚੋਂ ਹਿੱਸਾ 23/1536, 0 ਮਰਲੇ-7.75 ਸਰਸਾਈਆਂ ਹੈ। ਖਾਤਾ ਨੰਬਰ 574/816, ਖਸਰਾ ਨੰਬਰ 25//2/1 (1-19), ਜਿਸ ਵਿਚੋਂ ਹਿੱਸਾ 5/312, 0 ਮਰਲੇ-5.5 ਸਰਸਾਈਆਂ ਹੈ। ਖਾਤਾ ਨੰਬਰ 575/817, ਖਸਰਾ ਨੰਬਰ 25//11 (5-7), ਜਿਸ ਵਿਚੋਂ ਹਿੱਸਾ 3/214, 1 ਮਰਲਾ-4.5 ਸਰਸਾਈਆਂ ਹੈ। ਖਾਤਾ ਨੰਬਰ 577/819, ਖਸਰਾ ਨੰਬਰ 25//2/3/1 (1-0), ਜਿਸ ਵਿਚੋਂ ਹਿੱਸਾ 23/256, 0 ਮਰਲੇ-3.75 ਸਰਸਾਈਆਂ ਹੈ। ਖਾਤਾ ਨੰਬਰ 578/820, ਖਸਰਾ ਨੰਬਰ 25//2/3/2 (4-11), ਜਿਸ ਵਿਚੋਂ ਹਿੱਸਾ 23/1024, 2 ਮਰਲੇ-0 ਸਰਸਾਈਆਂ ਹੈ। ਖਾਤਾ ਨੰਬਰ 579/821, ਖਸਰਾ ਨੰਬਰ 25/1/1 (4-16), ਹਿੱਸਾ 23/1024, 2 ਮਰਲੇ-1.25 ਸਰਸਾਈਆਂ। ਖਾਤਾ ਨੰਬਰ 580/822, ਖਸਰਾ ਨੰਬਰ 25//1/2 (0-14), ਜਿਸ ਵਿਚੋਂ ਹਿੱਸਾ 23/1024, 0 ਮਰਲੇ-2.50 ਸਰਸਾਈਆਂ ਹੈ। ਖਾਤਾ ਨੰਬਰ 581/823, ਖਸਰਾ ਨੰਬਰ 25//2/2 (0-12), ਜਿਸ ਵਿਚੋਂ ਹਿੱਸਾ 23/1024, 0 ਮਰਲੇ-2.25 ਸਰਸਾਈਆਂ ਹੈ। ਖਾਤਾ ਨੰਬਰ 582/824, ਖਸਰਾ ਨੰਬਰ 25//9/2 (3-0), ਜਿਸ ਵਿਚੋਂ ਹਿੱਸਾ 23/1024, 1 ਮਰਲਾ-2.75 ਸਰਸਾਈਆਂ ਹੈ। ਖਾਤਾ ਨੰਬਰ 583/825, ਖਸਰਾ ਨੰਬਰ 25//10 (8-0), ਜਿਸ ਵਿਚੋਂ ਹਿੱਸਾ 23/1024, 3 ਮਰਲੇ-5 ਸਰਸਾਈਆਂ ਹੈ। ਖਾਤਾ ਨੰਬਰ 584/826, ਖਸਰਾ ਨੰਬਰ 24//5 (2-1), 6 (4-9), ਹਿੱਸਾ 69/3328, 2 ਮਰਲੇ-6 ਸਰਸਾਈਆਂ।

ਨਿਯਮ ਤੇ ਸ਼ਰਤਾਂ : ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਅੱਗੇ ਦੱਸੀਆਂ ਹੋਰ ਸ਼ਰਤਾਂ ਅਨੁਸਾਰ ਹੋਵੇਗੀ :

1. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਵੀ ਆਧਾਰ ਹੈ' ਅਤੇ 'ਜੋ ਵੀ ਆਧਾਰ ਹੋਵੇ' 'ਤੇ ਕੀਤੀ ਜਾਵੇਗੀ।
2. ਉੱਪਰ ਸ਼ਡਿਊਲ ਵਿਚ ਦੱਸੇ ਗਏ ਸਕਿਓਰਡ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਵਲੋਂ ਸਰਵਉੱਤਮ ਜਾਣਕਾਰੀ ਦੇ ਆਧਾਰ 'ਤੇ ਦਿੱਤੇ ਗਏ ਹਨ ਪਰ ਅਧਿਕਾਰਤ ਅਫਸਰ ਇਸ ਐਲਾਨ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ।
3. ਨਿਮਨਹਸਤਾਖਰੀ ਵੱਲੋਂ ਵਿਕਰੀ ਵੈੱਬਸਾਈਟ https://baanknet.com 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਉੱਪਰ ਦੱਸੀਆਂ ਮਿਤੀਆਂ ਨੂੰ ਕੀਤੀ ਜਾਵੇਗੀ।
4. ਵਿਕਰੀ ਦੇ ਵਿਸਤ੍ਰਿਤ ਨਿਯਮ ਤੇ ਸ਼ਰਤਾਂ ਦੇਖਣ ਲਈ ਕਿਰਪਾ ਕਰ ਕੇ https://baanknet.com ਤੇ www.pnbindia.in ਦਾ ਹਵਾਲਾ ਲਵੋ।

ਮਿਤੀ : 31.10.2026 ਅਧਿਕਾਰਤ ਅਫਸਰ,
ਸਥਾਨ : ਕਪੂਰਥਲਾ ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡਿਟਰ